ਕੀ ਤੁਸੀਂ ਲੋਕਲ ਅੱਥਾਰਿਟੀ ਜਾਂ ਹਾਉਸਿੰਗ ਐਸੋਸਿਏਸ਼ਨ ਦੇ ਕਿਰਾਏਦਾਰ ਹੋ? ਜੇ ਹਾਂ, ਤਾਂ ਤੁਹਾਨੂੰ ਇਹ ਪਤ੍ਰਿਕਾ ਪੜ੍ਹਣੀ ਚਾਹੀਦੀ ਹੈ। ਹਾਉਸਿੰਗ (ਸਕਾੱਟਲੈਂਡ) ਐਕਟ 2001 ਨੇ ਕਿਰਾਏਦਾਰੀ ਨਾਲ ਸੰਬੰਧਿਤ ਤੁਹਾਡੇ ਅਧਿਕਾਰਾਂ ਵਿਚ ਕਈ ਮਹੱਤਵਪੂਰਣ ਤਬਦੀਲੀਆਂ ਕੀਤੀਆਂ ਹਨ, ਜੋ 30 ਸਿਤੰਬਰ 2002 ਤੋਂ ਲਾਗੂ ਹੋਣਗੀਆਂ। ਇਸ ਤਾਰੀਖ਼ ਤੋਂ, ਲੋਕਲ ਅੱਥਾਰਿਟੀ ਅਤੇ ਹਾਉਸਿੰਗ ਐਸੋਸਿਏਸ਼ਨ, ਦੋਨ੍ਹਾਂ ਦੇ ਕਿਰਾਏਦਾਰਾਂ ਨੂੰ ਇਕ ਹੀ ਕਿਰਾਏਦਾਰੀ ਮੁਹਈਆ ਕਰਨ ਦੇ ਲਈ, ਅਧਿਕਾਰਾਂ ਵਿਚ ਸੁਧਾਰ ਦੇ ਨਾਲ ਇਕ ਨਵੀਂ ਸਕਾੱਟਿਸ਼ ਸਿਕਯੁਰ ਟੇਨੇਂਸੀ (ਸ਼ਸ਼ਠ), ਪੁਰਾਣੀ ਸੁਰੱਖਿਅਤ (ਸਿਕਯੁਰ) ਅਤੇ ਨਿਸ਼ਚਿਤ (ਐਸ਼ਯੁਰਡ) ਟੇਨੇਂਸੀਜ਼ ਦੀ ਜਗ੍ਹਾ ਲਵੇਗੀ।

ਇਹਨਾਂ ਤਬਦੀਲੀਆਂ ਦਾ ਤੁਹਾਡੇ ਲਈ ਕੀ ਮਹੱਤਵ ਹੋਵੇਗਾ ਅਤੇ ਇਹਨਾਂ ਦੇ ਬਾਰੇ ਜ਼ਿਆਦਾ ਜਾਣਕਾਰੀ ਦੇ ਲਈ ਅੱਗੇ ਪੜ੍ਹੋ।

## ਸਕਾੱਟਿਸ਼ ਸਿਕਯੁਰ ਟੇਨੇਂਸੀ ਕੀ ਹੈ?

ਇਹ ਇਕ ਨਵੀਂ ਕਾਨੂੰਨੀ ਕਿਰਾਏਦਾਰੀ (ਟੇਨੇਂਸੀ) ਹੈ ਜੋ ਤੁਹਾਡੀ ਵਰਤਮਾਨ ਸੁਰੱਖਿਅਤ (ਸਿਕਯੁਰ) ਜਾਂ ਨਿਸ਼ਚਿਤ (ਐਸ਼ਯੁਰਡ) ਟੇਨੇਂਸੀ ਦੀ ਜਗ੍ਹਾ ਲਵੇਗੀ।

30 ਸਿਤੰਬਰ 2002 ਤੋਂ, ਲੋਕਲ ਅੱਥਾਰਿਟੀਜ਼, ਹਾਉਸਿੰਗ ਐਸੋਸਿਏਸ਼ਨਾਂ (ਇਸ ਵਿਚ ਉਹ ਕਿਰਾਏਦਾਰ ਵੀ ਸ਼ਾਮਲ ਹਨ ਜੋ ਪੂਰੀ ਤਰਾਂ ਨਾਲ ਪਰਸਪਰ (ਮਯੁਚੁਲ) ਕੋ-ਆੱਪਰੇਟਿਵ ਹਾਉਸਿੰਗ ਐਸੋਸਿਏਸ਼ਨਾਂ ਦੇ ਸਦੱਸ ਹਨ), ਅਤੇ ਵਾੱਟਰ ਐਂਡ ਸਿਵਰੇਜ ਅੱਥਾਰਿਟੀਜ਼ ਦੇ ਸਾਰੇ ਕਿਰਾਏਦਾਰ, ਸਕਾੱਟਿਸ਼ ਸਿਕਯੁਰ ਕਿਰਾਏਦਾਰ ਬਣ ਜਾਣਗੇ। ਇਸ ਵਿਚ ਕੁਝ ਅਪਵਾਦ ਵੀ ਹਨ, ਉਦਾਹਰਣ ਦੇ ਲਈ ਟਾਈਡ (ਬੰਧਕ) ਘਰ (ਮਤਲਬ ਕਿ ਇਕ ਅਜਿਹਾ ਘਰ ਜਿਸ ਵਿਚ ਤੁਹਾਨੂੰ ਤੁਹਾਡੀ ਨੌਕਰੀ ਦੇ ਕਾਰਣ ਰਹਿਣਾ ਪੈਂਦਾ ਹੈ)। ਜੇ ਤੁਸੀਂ ਆਪਣੀ ਕਿਰਾਏਦਾਰੀ ਦੇ ਬਾਰੇ ਨਿਸ਼ਚਿਤ ਨਹੀਂ ਹੋ ਤਾਂ ਤੁਹਾਨੂੰ ਆਪਣੇ ਮਾਲਕ-ਮਕਾਨ ਨਾਲ ਗੱਲ ਕਰਨੀ ਚਾਹੀਦੀ ਹੈ।

## ਸਕਾੱਟਿਸ਼ ਸਿਕਯੁਰ ਟੇਨੇਂਸੀ ਦੇ ਅਧੀਨ ਮੇਰੇ ਕੀ ਅਧਿਕਾਰ ਹੋਣਗੇ?

## 30 ਸਿਤੰਬਰ 2002 ਤੋਂ ਤੁਹਾਡੇ ਹੇਠਾਂ ਲਿਖੇ ਅਧਿਕਾਰ ਹੋਣਗੇ।

### ਘਰ ਵਿਚ ਬਣੇ ਰਹਿਣ ਦੀ ਸੁਰੱਖਿਆ

ਇਕ ਕੋਰਟ ਆਰਡਰ ਤੋਂ ਬਿਨਾਂ ਤੁਹਾਨੂੰ ਘਰ ਵਿਚੋਂ ਨਹੀਂ ਕੱਢਿਆ ਜਾ ਸਕਦਾ।

### ਸਾਂਝੀ ਕਿਰਾਏਦਾਰੀ

ਤੁਸੀਂ ਅਤੇ ਅਜਿਹਾ ਕੋਈ ਵਿਅਕਤੀ, ਜੋ ਤੁਹਾਡੇ ਘਰ ਵਿਚ ਰਹਿੰਦਾ ਹੈ (ਜਾਂ ਰਹਿਣ ਵਾਲਾ ਹੈ) ਅਤੇ ਇਸ ਘਰ ਨੂੰ ਆਪਣੇ ਇਕੋ-ਇਕ ਘਰ ਦੇ ਤੌਰ ’ਤੇ ਇਸਤੇਮਾਲ ਕਰਦਾ ਹੈ, ਸਾਂਝੀ ਕਿਰਾਏਦਾਰੀ ਦੇ ਲਈ ਅਪਲਾਈ (ਅਰਜ਼ੀ) ਕਰ ਸਕਦੇ ਹੋ। ਤੁਹਾਡੇ ਮਾਲਕ-ਮਕਾਨ ਨੂੰ ਇਸ ਵਾਸਤੇ ਸਹਿਮਤ ਜ਼ਰੂਰ ਹੋਣਾ ਚਾਹੀਦਾ ਹੈ ਜਦ ਤਕ ਕਿ ਉਹਨਾਂ ਕੋਲ ਅਜਿਹਾ ਨਾ ਕਰਨ ਦੇ ਕੋਈ ਉਚਿਤ ਕਾਰਣ ਨਾ ਹੋਣ।

### ਉੱਤਰਾਧਿਕਾਰ

ਜੇ ਤੁਹਾਡੀ ਮੌਤ ਹੋ ਜਾਂਦੀ ਹੈ ਤਾਂ ਹੇਠਾਂ ਲਿਖਿਆਂ ਦੇ ਵਿਚੋਂ ਕੋਈ ਵੀ ਵਿਅਕਤੀ ਤੁਹਾਡੀ ਕਿਰਾਏਦਾਰੀ ਦਾ ਉੱਤਰਾਧਿਕਾਰੀ ਬਣ ਸਕਦਾ ਹੈ:

- ਤੁਹਾਡਾ ਪਤੀ ਜਾਂ ਤੁਹਾਡੀ ਪਤਨੀ;
- ਦੂਸਰਾ ਸਾਂਝਾ ਕਿਰਾਏਦਾਰ;
- ਤੁਹਾਡਾ ਸਾਥੀ (ਔਰਤ ਜਾਂ ਮਰਦ) ਜੋ ਤੁਹਾਡੀ ਮੌਤ ਤੋਂ ਘੱਟ ਤੋਂ ਘੱਟ 6 ਮਹੀਨੇ ਪਹਿਲਾਂ ਤੋਂ ਤੁਹਾਡੇ ਨਾਲ ਰਹਿ ਰਿਹਾ ਸੀ।

ਜੇ ਉੱਪਰ ਦੱਸੇ ਗਏ ਵਿਅਕਤੀਆਂ ਵਿਚੋਂ ਕੋਈ ਵੀ ਉੱਤਰਾਧਿਕਾਰ ਦਾ ਹੱਕਦਾਰ ਨਹੀਂ ਬਣਦਾ ਹੈ ਜਾਂ ਉੱਤਰਾਧਿਕਾਰੀ ਨਹੀਂ ਬਣਨਾ ਚਾਹੁੰਦਾ ਹੈ ਤਾਂ ਕਿਰਾਏਦਾਰੀ ਹੇਠਾਂ ਲਿਖਿਆਂ ਨੂੰ ਦਿੱਤੀ ਜਾ ਸਕਦੀ ਹੈ:

- ਤੁਹਾਡੇ ਪਰਿਵਾਰ ਦਾ ਕੋਈ ਹੋਰ ਸਦੱਸ ਜੋ ਤੁਹਾਡੀ ਮੌਤ ਦੇ ਸਮੇਂ ਤੁਹਾਡੇ ਨਾਲ ਰਹਿ ਰਿਹਾ ਸੀ।

ਜੇ ਉੱਪਰ ਦੱਸੇ ਗਏ ਵਿਅਕਤੀਆਂ ਵਿਚੋਂ ਕੋਈ ਵੀ ਉੱਤਰਾਧਿਕਾਰ ਦਾ ਹੱਕਦਾਰ ਨਹੀਂ ਬਣਦਾ ਹੈ ਜਾਂ ਉੱਤਰਾਧਿਕਾਰੀ ਨਹੀਂ ਬਣਨਾ ਚਾਹੁੰਦਾ ਹੈ ਤਾਂ ਕਿਰਾਏਦਾਰੀ ਹੇਠਾਂ ਲਿਖਿਆਂ ਨੂੰ ਦਿੱਤੀ ਜਾ ਸਕਦੀ ਹੈ:

- ਇਕ ਕੇਅਰਰ (ਦੇਖਭਾਲ ਕਰਨ ਵਾਲਾ) ਜੋ ਤੁਹਾਡੇ ਨਾਲ ਤੁਹਾਡੇ ਘਰ ਵਿਚ ਰਹਿੰਦਾ ਹੋਵੇ ਅਤੇ ਉਸਨੇ ਆਪਣਾ ਇਕੋ-ਇਕ ਜਾਂ ਮੁੱਖ ਘਰ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਸਦੱਸ ਦੀ ਦੇਖਭਾਲ ਕਰਨ ਵਾਸਤੇ ਛੱਡਿਆ ਹੋਵੇ।

ਉੱਤਰਾਧਿਕਾਰ ਦੇ ਰੂਪ ਵਿਚ ਕਿਰਾਏਦਾਰੀ ਦੋ ਵਾਰ ਕਿਸੇ ਨੂੰ ਦਿੱਤੀ ਜਾ ਸਕਦੀ ਹੈ। ਉਦਾਹਰਣ ਦੇ ਲਈ, ਜੇ ਇਕ ਜੋੜਾ ਹੈ ਜੋ ਪਤੀ-ਪਤਨੀ ਹਨ ਅਤੇ ਪਤੀ ਕਿਰਾਏਦਾਰ ਹੈ, ਤਾਂ ਉਸਦੀ ਮੌਤ ਤੋਂ ਬਾਅਦ ਕਿਰਾਏਦਾਰੀ ਪਤਨੀ ਨੂੰ ਮਿਲੇਗੀ। ਜੇ ਬਾਅਦ ਵਿਚ ਪਤਨੀ ਦੀ ਮੌਤ ਹੋ ਜਾਂਦੀ ਹੈ ਤਾਂ ਕਿਰਾਏਦਾਰੀ ਦੇ ਉੱਤਰਾਧਿਕਾਰ ਦਾ ਅਧਿਕਾਰ ਕਿਸੇ ਬਾਲਗ ਬੇਟੇ ਜਾਂ ਬੇਟੀ ਨੂੰ ਹੋਵੇਗਾ।

### ਸਪੁਰਦਗੀ (ਸੌਂਪਣਾ), ਅਦਲਾ-ਬਦਲੀ ਕਰਨੀ ਜਾਂ ਕਿਸੇ ਹੋਰ ਨੂੰ ਕਿਰਾਏ ’ਤੇ ਦੇਣਾ

ਤੁਸੀਂ ਆਪਣੀ ਕਿਰਾਏਦਾਰੀ ਕਿਸੇ ਹੋਰ ਨੂੰ ਕਿਰਾਏ ’ਤੇ ਦੇ ਸਕਦੇ ਹੋ, ਆਪਣੇ ਮਕਾਨ ਦੀ ਅਦਲਾ-ਬਦਲੀ ਕਰ ਸਕਦੇ ਹੋ ਜਾਂ ਮਕਾਨ ਵਿਚ ਕਿਸੇ ਲੌਜਰ (ਕਿਰਾਏਦਾਰ) ਨੂੰ ਰੱਖ ਸਕਦੇ ਹੋ। ਤੁਸੀਂ ਆਪਣੀ ਕਿਰਾਏਦਾਰੀ ਕਿਸੇ ਅਜਿਹੇ ਵਿਅਕਤੀ ਨੂੰ ਵੀ ਸੌਂਪ ਸਕਦੇ ਹੋ (ਦਸਤਖਤ ਕਰਕੇ ਦੇ ਸਕਦੇ ਹੋ) ਜੋ ਤੁਹਾਡੇ ਘਰ ਵਿਚ ਘੱਟ ਤੋਂ ਘੱਟ 6 ਮਹੀਨੇ ਦੇ ਲਈ ਆਪਣੇ ਇਕੋ-ਇਕ ਘਰ ਦੇ ਤੌਰ ’ਤੇ ਰਿਹਾ ਹੋਵੇ। ਤੁਹਾਨੂੰ ਆਪਣੇ ਮਾਲਕ-ਮਕਾਨ ਤੋਂ ਲਿਖਿਤ ਮਨਜ਼ੂਰੀ ਜ਼ਰੂਰ ਲੈਣੀ ਚਾਹੀਦੀ ਹੈ। ਤੁਹਾਡਾ ਮਾਲਕ-ਮਕਾਨ ਮਨਜ਼ੂਰੀ ਦੇਣ ਤੋਂ ਸਿਰਫ਼ ਤਾਂ ਹੀ ਮਨ੍ਹਾ ਕਰ ਸਕਦਾ ਹੈ ਜੇ ਅਜਿਹਾ ਕਰਨ ਦੇ ਉਚਿਤ ਕਾਰਣ ਹੋਣ। ਇਹਨਾਂ ਵਿਚੋਂ ਕੁਝ ਵੀ ਕਰਨ ਤੋਂ ਪਹਿਲਾਂ ਤੁਹਾਨੂੰ ਧਿਆਨ ਨਾਲ ਸੋਚਣਾ ਚਾਹੀਦਾ ਹੈ ਅਤੇ ਸਲਾਹ ਲੈਣੀ ਚਾਹੀਦੀ ਹੈ।

### ਮੁਰੰਮਤ

ਤੁਹਾਡੇ ਮਾਲਕ-ਮਕਾਨ ਨੂੰ ਇਕ ਮਿਥੀ ਗਈ ਸਮੇਂ-ਸੀਮਾ ਦੇ ਅੰਦਰ ਕੁਝ ਨਿਸ਼ਚਿਤ ਤਰਾਂ ਦੀਆਂ ਛੋਟੀਆਂ ਮੁਰੰਮਤਾਂ ਜ਼ਰੂਰ ਕਰਵਾਉਣੀਆਂ ਚਾਹੀਦੀਆਂ ਹਨ (ਇਹਨਾਂ ਨੂੰ ‘ਮੁਰੰਮਤ ਦਾ ਅਧਿਕਾਰ’ ਕਿਹਾ ਜਾਂਦਾ ਹੈ)।

### ਤਬਦੀਲੀਆਂ ਦੇ ਲਈ ਮੁਆਵਜ਼ਾ

ਤੁਹਾਨੂੰ ਅਧਿਕਾਰ ਹੈ ਕਿ ਤੁਹਾਡੀ ਕਿਰਾਏਦਾਰੀ ਦੇ ਅੰਤ ਵਿਚ ਤੁਸੀਂ, ਤੁਹਾਡੇ ਦੁਆਰਾ ਤੁਹਾਡੇ ਘਰ ਵਿਚ ਕਰਵਾਈਆਂ ਗਈਆਂ ਕੁਝ ਨਿਸ਼ਿਚਿਤ ਤਰਾਂ ਦੀਆਂ ਤਬਦੀਲੀਆਂ ਦੇ ਲਈ ਮੁਆਵਜ਼ਾ ਲੈ ਸਕਦੇ ਹੋ, ਜਦੋਂ ਤਕ ਕਿ ਇਹ ਤਬਦੀਲੀਆਂ ਕਰਨ ਦੇ ਲਈ ਤੁਹਾਡੇ ਮਾਲਕ-ਮਕਾਨ ਨੇ ਤੁਹਾਨੂੰ ਪਹਿਲਾਂ ਤੋਂ ਮਨਜ਼ੂਰੀ ਦਿੱਤੀ ਹੋਵੇ।

### ਜਾਣਕਾਰੀ

ਤੁਹਾਡੇ ਮਾਲਕ-ਮਕਾਨ ਦੇ ਦੁਆਰਾ ਤੁਹਾਨੂੰ ਇਕ ਲਿਖਿਤ ਕਿਰਾਏਦਾਰੀ ਸਮਝੌਤਾ (ਟੇਨੇਂਸੀ ਐਗ੍ਰੀਮੈਂਟ), ਤੁਹਾਡੇ ਮਾਲਕ-ਮਕਾਨ ਦੀ ਸ਼ਿਕਾਇਤ ਪ੍ਰਕ੍ਰਿਆ ਦੇ ਬਾਰੇ ਜਾਣਕਾਰੀ ਅਤੇ, ਤੁਹਾਡੀ ਕਿਰਾਏਦਾਰੀ ਸ਼ੁਰੂ ਹੋਣ ਤੋਂ ਪਹਿਲਾਂ, ਘਰ ਖਰੀਦਣ ਦੇ ਅਧਿਕਾਰ ਅਤੇ ਜੇ ਤੁਸੀਂ ਘਰ ਖਰੀਦਦੇ ਹੋ ਤਾਂ ਤੁਹਾਡੀਆਂ ਜ਼ਿੰਮੇਵਾਰੀਆਂ ਦੇ ਬਾਰੇ ਜਾਣਕਾਰੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ।

ਜੇ ਤੁਸੀਂ ਮੰਗਦੇ ਹੋ ਤਾਂ ਤੁਹਾਡੇ ਮਾਲਕ-ਮਕਾਨ ਦੇ ਦੁਆਰਾ ਤੁਹਾਨੂੰ ਕਿਰਾਇਆ ਸੈੱਟ ਕਰਨ, ਮਕਾਨ ਦੇਣ ਅਤੇ ਮੁਰੰਮਤਾਂ ਅਤੇ ਦੇਖ-ਭਾਲ ਕਰਨ ਦੇ ਬਾਰੇ ਵਿਚ ਨੀਤੀਆਂ ਜ਼ਰੂਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

### ਸਲਾਹ-ਮਸ਼ਵਰਾ

ਅਜਿਹੀਆਂ ਕੋਈ ਵੀ ਹਾਉਸਿੰਗ ਮੈਨੇਜਮੈਂਟ ਨੀਤੀਆਂ, ਜੋ ਤੁਹਾਨੂੰ ਕਾਫ਼ੀ ਹਦ ਤਕ ਪ੍ਰਭਾਵਿਤ ਕਰ ਸਕਦੀਆਂ ਹੋਣ, ਜਿਵੇਂ ਕਿ ਮੁਰੰਮਤ ਅਤੇ ਦੇਖਭਾਲ, ਕਿਰਾਇਆ ਅਤੇ ਸਰਵਿਸ ਚਾਰਜ ਆਦਿ, ਬਣਾਉਣ ਜਾਂ ਬਦਲਣ ਤੋਂ ਪਹਿਲਾਂ ਤੁਹਾਡੇ ਮਾਲਕ-ਮਕਾਨ ਨੂੰ ਤੁਹਾਡੇ ਨਾਲ ਸਲਾਹ-ਮਸ਼ਵਰਾ ਜ਼ਰੂਰ ਕਰਨਾ ਚਾਹੀਦਾ ਹੈ, ਅਤੇ ਤੁਹਾਡੇ ਵਿਚਾਰਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਕਿਰਾਏਦਾਰਾਂ ਦੇ ਸਮੂਹ ਆਪਣੇ ਮਾਲਕ-ਮਕਾਨਾਂ ਦੇ ਕੋਲ ਰਜਿਸਟਰ ਹੋ ਸਕਦੇ ਹਨ ਅਤੇ ਉਹਨਾਂ ਨੂੰ ਅਧਿਕਾਰ ਹੈ ਕਿ ਉਹਨਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਏ। ਤੁਸੀਂ ਆਪਣੇ ਮਾਲਕ-ਮਕਾਨ ਨੂੰ ਉਹਨਾਂ ਦੀ ਕਿਰਾਏਦਾਰ ਹਿੱਸੇਦਾਰੀ ਨੀਤੀ ਦੇਣ ਦੇ ਲਈ ਕਹਿ ਸਕਦੇ ਹੋ, ਜਿਸ ਵਿਚ ਤੁਹਾਡੇ ਵਿਚਾਰ ਪੁੱਛੇ ਜਾਣ ਅਤੇ ਇਹਨਾਂ ਨੂੰ ਧਿਆਨ ਵਿਚ ਰੱਖੇ ਜਾਣ ਦੇ ਲਈ ਉਹਨਾਂ ਦੇ ਇੰਤਜ਼ਾਮਾਂ ਦੇ ਬਾਰੇ ਦੱਸਿਆ ਗਿਆ ਹੈ।

### ਪ੍ਰਬੰਧ ਕਰਨ ਦਾ ਅਧਿਕਾਰ

ਤੁਸੀਂ ਅਤੇ ਤੁਹਾਡੇ ਗੁਆਢੀਂ ਇਕ ਟੇਨੇਂਟ ਕੋ-ਆੱਪਰੇਟਿਵ ਬਣਾਉਣ ਦੇ ਲਈ ਇਕਜੁੱਟ ਹੋ ਸਕਦੇ ਹੋ ਅਤੇ ਆਪਣੇ ਘਰਾਂ ਦਾ ਪ੍ਰਬੰਧ ਕਰਨ ਦੇ ਲਈ ਆਪਣੇ ਮਾਲਕ-ਮਕਾਨ ਨਾਲ ਸਮਝੌਤਾ ਕਰ ਸਕਦੇ ਹੋ।

## ਕੀ ਮੇਰੇ ਵਰਤਮਾਨ ਅਧਿਕਾਰਾਂ ਦੇ ਵਿਚੋਂ ਕੁਝ ਚਲਾ ਜਾਏਗਾ?

**ਨਹੀਂ**, ਤੁਹਾਡੇ ਵਰਤਮਾਨ ਅਧਿਕਾਰਾਂ ਵਿਚੋਂ ਕੁਝ ਵੀ ਨਹੀਂ ਜਾਏਗਾ। ਅਸਲ ਵਿਚ, ਤੁਹਾਡੇ ਕੁਝ ਵਰਤਮਾਨ ਅਧਿਕਾਰ ਹੋਰ ਜ਼ਿਆਦਾ ਮਜ਼ਬੂਤ ਹੋ ਜਾਣਗੇ ਅਤੇ ਤੁਹਾਨੂੰ ਨਵੇਂ ਅਧਿਕਾਰ ਵੀ ਮਿਲਣਗੇ। ਜੇ ਇਸ ਸਮੇਂ ਤੁਹਾਡੇ ਕੋਲ ਆਪਣਾ ਘਰ ਖਰੀਦਣ ਦਾ ਅਧਿਕਾਰ ਹੈ, ਤਾਂ ਜਦੋਂ ਤਕ ਤੁਸੀਂ ਇਸੇ ਘਰ ਵਿਚ ਰਹਿੰਦੇ ਹੋ, ਤਦ ਤਕ ਤੁਹਾਨੂੰ ਮਿਲਣ ਵਾਲੀਆਂ ਸਾਰੀਆਂ ਸ਼ਰਤਾਂ ਉਸ ਤਰਾਂ ਹੀ ਰਹਿਣਗੀਆਂ (ਸਾਹਮਣੇ ਦੇਖੋ)।

## ਕੀ ਮੈਨੂੰ ਨਵੇਂ ਕਿਰਾਏਦਾਰੀ ਸਮਝੌਤੇ (ਟੇਨੇਂਸੀ ਐਗ੍ਰੀਮੈਂਟ) ਉੱਪਰ ਦਸਤਖਤ ਕਰਣੇ ਹੋਣਗੇ?

ਇਸ ਸਾਲ 30 ਸਿਤੰਬਰ ਨੂੰ ਤੁਹਾਡੀ ਵਰਤਮਾਨ ਕਿਰਾਏਦਾਰੀ (ਟੇਨੇਂਸੀ) ਆਪਣੇ ਆਪ ਹੀ ਸਕਾੱਟਿਸ਼ ਸਿਕਯੁਰ ਟੇਨੇਂਸੀ ਵਿਚ ਬਦਲ ਜਾਏਗੀ ਅਤੇ ਤੁਹਾਨੂੰ ਉਹ ਸਾਰੇ ਅਧਿਕਾਰ ਮਿਲਣਗੇ ਜੋ ਇਸ ਵਿਚ ਹਨ। ਸ਼ਾਇਦ ਅਗਲੇ ਕੁਝ ਮਹੀਨਿਆਂ ਦੇ ਅੰਦਰ, ਤੁਹਾਡਾ ਮਾਲਕ-ਮਕਾਨ ਇਕ ਨਵੇਂ ਕਿਰਾਏਦਾਰੀ ਸਮਝੌਤੇ ’ਤੇ ਦਸਤਖਤ ਕਰਵਾਉਣ ਦੇ ਲਈ ਤੁਹਾਡੇ ਨਾਲ ਸੰਪਰਕ ਕਰੇਗਾ, ਜਿਸ ਵਿਚ ਸ਼ਾਇਦ ਕਾਨੂੰਨੀ ਕਿਰਾਏਦਾਰੀ ਦੇ ਨਾਲ-ਨਾਲ ਕੁਝ ਹੋਰ ਮਾਮਲੇ ਵੀ ਹੋ ਸਕਦੇ ਹਨ। ਪਰ ਤੁਹਾਡਾ ਮਾਲਕ-ਮਕਾਨ, ਕਾਨੂੰਨ ਦੁਆਰਾ ਪੱਕੇ ਕੀਤੇ ਗਏ

ਕਿਰਾਏਦਾਰੀ ਅਧਿਕਾਰਾਂ ਵਿਚੋਂ ਕਿਸੇ ਨੂੰ ਵੀ ਬਦਲ ਨਹੀਂ ਸਕਦਾ। ਜਦੋਂ ਤੁਸੀਂ ਆਪਣੇ ਕਿਰਾਏਦਾਰੀ ਸਮਝੌਤੇ ’ਤੇ ਦਸਤਖਤ ਕਰਦੇ ਹੋ ਤਾਂ ਤੁਹਾਡਾ ਮਾਲਕ-ਮਕਾਨ ਤੁਹਾਨੂੰ ਇਸ ਵਿਚ ਦੱਸੇ ਗਏ ਸਾਰੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੇ ਬਾਰੇ ਸਮਝਾਏਗਾ।

## ਸ਼ਾੱਰਟ (ਛੋਟੀ) ਸਕਾੱਟਿਸ਼ ਸਿਕਯੁਰ ਟੇਨੇਂਸੀ ਕੀ ਹੈ?

ਇਹ ਇਕ ਨਵੀਂ ਤਰਾਂ ਦੀ ਕਿਰਾਏਦਾਰੀ ਹੈ ਜਿਸ ਨੂੰ ਸਿਰਫ਼ ਸੀਮਿਤ ਪਰਿਸਥਿਤੀਆਂ ਦੇ ਵਿਚ ਹੀ ਵਰਤਿਆ ਜਾ ਸਕਦਾ ਹੈ, ਜਦੋਂ ਕਿਰਾਏਦਾਰੀ ਟੇਂਪਰੇਰੀ (ਅਸਥਾਈ) ਹੋਣ ਵਾਲੀ ਹੋਵੇ। ਜਿਹਨਾਂ ਹਾਲਾਤਾਂ ਦੇ ਵਿਚ ਛੋਟੀ ਸਕਾੱਟਿਸ਼ ਸਿਕਯੁਰ ਟੇਨੇਂਸੀ ਨੂੰ ਵਰਤਿਆ ਜਾ ਸਕਦਾ ਹੈ, ਉਹਨਾਂ ਦੇ ਬਾਰੇ ਕਾਨੂੰਨ ਵਿਚ ਦੱਸਿਆ ਗਿਆ ਹੈ।

ਛੋਟੀ ਸ਼ਸ਼ਠ ਵਿਚ ਵੀ ਉਹ ਸਾਰੇ ਅਧਿਕਾਰ ਸ਼ਾਮਲ ਹਨ ਜੋ ਪੂਰੀ ਸ਼ਸ਼ਠ ਵਿਚ ਹਨ ਸਿਵਾਇ ਇਹਨਾਂ ਦੇ ਕਿ ਇਸ ਵਿਚ ਖਰੀਦਣ ਦਾ ਅਧਿਕਾਰ ਨਹੀਂ ਹੈ, ਤੁਹਾਡੀ ਮੌਤ ਤੋਂ ਬਾਅਦ ਇਸਦਾ ਕੋਈ ਉੱਤਰਾਧਿਕਾਰੀ ਨਹੀਂ ਬਣ ਸਕਦਾ ਅਤੇ ਇਸ ਵਿਚ ਤੁਹਾਡੇ ਘਰ ਵਿਚ ਰਹਿਣ ਦਾ ਤੁਹਾਡਾ ਅਧਿਕਾਰ ਪੂਰੀ ਸਕਾੱਟਿਸ਼ ਸਿਕਯੁਰ ਟੇਨੇਂਸੀ ਦੇ ਮੁਕਾਬਲੇ ਜ਼ਿਆਦਾ ਸੀਮਿਤ ਹੈ। ਜੇ ਤੁਹਾਡਾ ਮਾਲਕ-ਮਕਾਨ ਤੁਹਾਨੂੰ ਛੋਟੀ ਸ਼ਸ਼ਠ ਦੀ ਪੇਸ਼ਕਸ਼ ਕਰਦਾ ਹੈ ਅਤੇ ਤੁਸੀਂ ਇਸ ਤੋਂ ਖ਼ੁਸ਼ ਨਹੀਂ ਹੋ ਤਾਂ ਤੁਹਾਨੂੰ ਅਪੀਲ ਕਰਨ ਦਾ ਅਧਿਕਾਰ ਹੈ।

## ਕੀ ਮੈਂ ਆਪਣਾ ਘਰ ਖਰੀਦ ਸਕਾਂਗਾ/ਸਕਾਂਗੀ?

ਜੇ ਇਸ ਸਾਲ 30 ਸਿਤੰਬਰ ਤੋਂ ਪਹਿਲਾਂ ਤੁਹਾਡੇ ਕੋਲ ਘਰ ਖਰੀਦਣ ਦਾ ਅਧਿਕਾਰ ਸੀ, ਤਾਂ ਜਦ ਤਕ ਤੁਸੀਂ ਉਸੇ ਘਰ ਵਿਚ ਰਹਿੰਦੇ ਹੋ ਤਦ ਤਕ ਤੁਹਾਨੂੰ ਮਿਲਣ ਵਾਲੀਆਂ ਸਾਰੀਆਂ ਸ਼ਰਤਾਂ ਵਿਚ ਕੋਈ ਤਬਦੀਲੀ ਨਹੀਂ ਆਏਗੀ (ਇਸ ਵਿਚ ਛੋਟ ਅਤੇ ਯੋਗਤਾ ਸਮਾਂ ਵੀ ਸ਼ਾਮਲ ਹੈ)।

ਜੇ ਤੁਸੀਂ ਹਾਉਸਿੰਗ ਐਸੋਸਿਏਸ਼ਨ ਦੇ ਕਿਰਾਏਦਾਰ ਹੋ ਅਤੇ ਇਸ ਵੇਲੇ ਤੁਹਾਡੇ ਕੋਲ ਘਰ ਖਰੀਦਣ ਦਾ ਅਧਿਕਾਰ ਨਹੀਂ ਹੈ, ਤਾਂ ਸ਼ਾਇਦ ਭਵਿੱਖ ਵਿਚ ਤੁਹਾਨੂੰ ਆਪਣਾ ਘਰ ਖਰੀਦਣ ਦਾ ਅਧਿਕਾਰ ਮਿਲ ਸਕਦਾ ਹੈ। ਹਾਲਾਂਕਿ ਤੁਸੀਂ 10 ਸਾਲ ਤਕ ਆਪਣਾ ਘਰ ਨਹੀਂ ਖਰੀਦ ਸਕੋਗੇ ਅਤੇ ਸੰਬੰਧਿਤ ਕਿਰਾਏਦਾਰੀ ਵਿਚ ਤੁਹਾਡੇ ਦੁਆਰਾ ਬਿਤਾਏ ਗਏ ਸਮੇਂ ਨੂੰ ਤੁਹਾਡੀ ਯੋਗਤਾ (ਪਾਤਰਤਾ) ਅਤੇ ਛੋਟ ਦੇ ਲਈ ਗਿਣਿਆ ਜਾਏਗਾ।

ਜੇ ਤੁਸੀਂ ਹੇਠਾਂ ਲਿਖਿਆਂ ਦੇ ਕਿਰਾਏਦਾਰ ਹੋ ਤਾਂ ਤੁਸੀਂ ਆਪਣੇ ਮਾਲਕ-ਮਕਾਨ ਤੋਂ ਆਪਣਾ ਘਰ ਨਹੀਂ ਖਰੀਦ ਸਕੋਗੇ:

- ਇਕ ਚੈਰਿਟੇਬਲ ਹਾਉਸਿੰਗ ਐਸੋਸਿਏਸ਼ਨ ਜੋ 18 ਜੁਲਾਈ 2001 ਤੋਂ ਪਹਿਲਾਂ ਬਣਾਈ ਗਈ ਇਕ ਰਜਿਸਟਰਡ ਚੈਰਿਟੀ ਸੀ (ਜਦ ਤਕ ਕਿ 30 ਸਿਤੰਬਰ 2002 ਤੋਂ ਪਹਿਲਾਂ ਤੁਹਾਡੇ ਕੋਲ ਖਰੀਦਣ ਦਾ ਅਧਿਕਾਰ ਨਹੀਂ ਸੀ ਜਾਂ ਸਟਾੱਕ ਟ੍ਰਾਂਸਫ਼ਰ ਤੋਂ ਬਾਅਦ ਤੁਹਾਡੇ ਕੋਲ ਬਚਿਆ ਹੋਇਆ ਖਰੀਦਣ ਦਾ ਅਧਿਕਾਰ ਨਹੀਂ ਹੈ);
- ਇਕ ਪੂਰੀ ਤਰਾਂ ਨਾਲ ਪਰਸਪਰ (ਮਯੁਚਲ) ਕੋ-ਆੱਪਰੇਟਿਵ ਹਾਉਸਿੰਗ ਐਸੋਸਿਏਸ਼ਨ;
- ਇਹ ਹਾਉਸਿੰਗ ਐਸੋਸਿਏਸ਼ਨ ਜਿਸ ਕੋਲ 100 ਤੋਂ ਘੱਟ ਘਰ ਹਨ; ਜਾਂ
- ਖ਼ਾਸ ਲੋੜਾਂ ਵਾਲੇ ਲੋਕਾਂ ਦੇ ਲਈ ਇਕ ਗਰੁੱਪ ਹਾਉਸਿੰਗ ਸਕੀਮ।

ਜੇ ਆਪਣਾ ਘਰ ਖਰੀਦਣ ਦਾ ਅਧਿਕਾਰ ਤੁਹਾਨੂੰ ਪਹਿਲੀ ਵਾਰ 30 ਸਿਤੰਬਰ 2002 ਨੂੰ ਜਾਂ ਇਸ ਤੋਂ ਬਾਅਦ ਮਿਲਦਾ ਹੈ, ਜਾਂ ਜੇ ਇਸ ਤਾਰੀਖ਼ ਤੋਂ ਬਾਅਦ ਤੁਸੀਂ ਆਪਣਾ ਘਰ ਬਦਲਣ ਦਾ ਫ਼ੈਸਲਾ ਕਰਦੇ ਹੋ ਤਾਂ ਤੁਹਾਨੂੰ ਘਰ ਖਰੀਦਣ ਦਾ ਨਵਾਂ ਅਧਿਕਾਰ ਮਿਲੇਗਾ। ਘਰ ਖਰੀਦਣ ਦੇ ਨਵੇਂ ਅਧਿਕਾਰ ਦੇ ਲਈ ਯੋਗਤਾ ਸਮਾਂ ਹੋਵੇਗਾ ਲਗਾਤਾਰ ਪੰਜ ਸਾਲ ਦੀ ਮਿਆਦ ਜਿਸਦੇ ਨਾਲ ਵੱਧ ਤੋਂ ਵੱਧ 35% ਜਾਂ £15,000, ਜੋ ਵੀ ਘੱਟ ਹੋਵੇ, ਦੀ ਛੋਟ ਮਿਲੇਗੀ।

ਜੇ ਤੁਸੀਂ ਇਸ ਬਾਰੇ ਨਿਸ਼ਚਿਤ ਨਹੀਂ ਹੋ ਕਿ ਕੀ ਤੁਹਾਨੂੰ ਘਰ ਖਰੀਦਣ ਦਾ ਅਧਿਕਾਰ ਹੈ ਜਾਂ ਤੁਹਾਡੇ ਉੱਪਰ ਕੀ-ਕੀ ਸ਼ਰਤਾਂ ਲਾਗੂ ਹੁੰਦੀਆਂ ਹਨ, ਤਾਂ ਤੁਹਾਨੂੰ ਪਹਿਲਾਂ ਆਪਣੇ ਮਾਲਕ-ਮਕਾਨ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਤੁਸੀਂ ਆਪਣੇ ਮਾਲਕ-ਮਕਾਨ ਤੋਂ ਜਾਂ ਹੇਠਾਂ ਲਿਖੇ ਪਤੇ ਤੋਂ ‘ਆਪਣਾ ਘਰ ਖਰੀਦਣ ਦਾ ਤੁਹਾਡਾ ਅਧਿਕਾਰ’ (ਯੂਅਰ ਰਾਈਟ ਟੂ ਬਾਇ ਯੂਅਰ ਹੋਮ), ‘ਤਬਦੀਲੀਆਂ ਦੇ ਲਈ ਮੁਆਵਜ਼ਾ ਯੋਜਨਾ’ (ਕੰਪੇਨਸੇਸ਼ਨ ਫ਼ਾੱਰ ਇਮਪਰੂਵਮੈਂਟ ਸਕੀਮ) ਅਤੇ ‘ਮੁਰੰਮਤ ਦਾ ਅਧਿਕਾਰ ਯੋਜਨਾ’ (ਰਾਈਟ ਟੂ ਰਿਪੇਅਰ ਸਕੀਮ) ਦੇ ਬਾਰੇ ਵਿਚ ਅਲੱਗ ਪਤ੍ਰਿਕਾਵਾਂ ਲੈ ਸਕਦੇ ਹੋ।

The Scottish Executive
Housing 2:3
Area 1-G
Victoria Quay
Edinburgh EH6 6QQ.
ਫ਼ੋਨ: 0131 244 2105
www.scotland.gov.uk
ਈ-ਮੇਲ: housing.information@scotland.gsi.gov.uk

ਇਹ ਦਸਤਾਵੇਜ਼ 100% ਏਲੀਮੇਂਟਲ ਕਲੋਰੀਨ ਮੁਕਤ ਅਤੇ ਵਾਤਾਵਰਣ ਨੂੰ ਨੁਕਸਾਨ ਨਾ ਪਹੁੰਚਾਉਣ ਵਾਲੀ ਸਾਮੱਗਰੀ ਤੋਂ ਬਣਾਇਆ ਗਿਆ ਹੈ ਅਤੇ 100% ਰਿਸਾਇਕਲੇਬਲ (ਦੁਬਾਰਾ ਵਰਤਿਆ ਜਾ ਸਕਣ ਵਾਲਾ) ਹੈ।

Alternative formats and community language versions of this leaflet are available on request from the Scottish Executive, Housing 2:3, Area 1-G, Victoria Quay, Edinburgh EH6 6QQ Tel: 0131 244 2105. The leaflet can also be viewed on the Scottish Executive website at www.scotland.gov.uk

Tha cumaidhean atharraichte agus dreachan den bhileag seo ann an cànanan coimhearsnachd ri fhaighinn le iarrtas bho Riaghaltas na h-Alba, Taigheadas 2:3, Roinn 1-G, Cidhe Bhictoria, Dùn Èideann EH6 6QQ Fòn: 0131 244 2105. Faodar a’ bhileag fhaicinn cuideachd air làrach-lìn Riaghaltas na h-Alba aig www.scotland.gov.uk

نسخ أخرى بصيغ بديلة وبلغات الجماعات السكانية من هذه النشرة متوفرة عند الطلب من التنفيذية الإسكتلندية **Scottish Executive, Housing 2:3, Area 1-G, Victoria Quay, Edinburgh EH6 6QQ** هاتف: **0131 244 2105**. وبالإمكان الإطلاع على هذه النشرة في موقع التنفيذية الإسكتلندية على الإنترنت **www.scotland.gov.uk**

Scottish Executive, Housing 2:3, Area 1-G, Victoria Quay, Edinburgh EH6 6QQ ফোন: 0131 244 2105 এ অনুরোধক্রমে এই প্রচারপত্রের বিকল্প আকার ও কমিউনিটি ভাষার সংস্করণ পাওয়া যায়। স্কটিশ এক্সিকিউটিভ-এর ওয়েবসাইট www.scotland.gov.uk এও প্রচারপত্রটি দেখা পাওয়া যায়।

इस पत्रक की आवृत्ति का अनुवाद अन्य तरीकों और कम्यूनिटि भाषाओं में निवेदन करने पर स्कॉटिश इग्ज़ेक्यूटिव हाउझिंग Scottish Executive, Housing 2:3, Area 1-G, Victoria Quay, Edinburgh EH6 6QQ से मिल सकता है। टेलीफ़ोन: 0131 244 2105। इस पत्रक को स्कॉटिश इग्ज़ेक्यूटिव वेबसाईट www.scotland.gov.uk पर भी देख सकते है।

ਇਸ ਪਤੇ ਤੋਂ ਮੰਗੇ ਜਾਣ ’ਤੇ ਇਹ ਪਰਚੀ ਵਿਕਲਪਕ ਰੂਪਾਂ ਵਿਚ ਅਤੇ ਕੰਮਿਉਨਿਟੀ ਭਾਸ਼ਾਵਾਂ ਦੇ ਵਿਚ ਮਿਲ ਸਕਦੀ ਹੈ: Scottish Executive, Housing 2:3, Area 1-G, Victoria Quay, Edinburgh EH6 6QQ, ਟੈਲੀਫ਼ੋਨ: 0131 244 2105. ਇਸ ਪਰਚੀ ਨੂੰ ਸਕਾੱਟਿਸ਼ ਐਕਜ਼ੀਕਿਉਟਿਵ ਦੀ ਵੈਬਸਾਈਟ www.scotland.gov.uk ’ਤੇ ਵੀ ਦੇਖਿਆ ਜਾ ਸਕਦਾ ਹੈ।

如果需要本手冊的其他形式或語言版本，請向蘇格蘭行政院索取，位址是：Scottish Executive, Housing 2:3, Area 1-G, Victoria Quay, Edinburgh EH6 6QQ；電話：0131 244 2105。也可以到蘇格蘭行政院的網站上瀏覽本手冊：www.scotland.gov.uk

Scottish Executive, Housing 2:3, Area 1-G, Victoria Quay, Edinburgh EH6 6QQ، ٹیلی فون: 0131 244 2105 سے دستیاب ہے۔ اس لیف لیٹ کو سکاٹش ایگزیکٹیو کی ویب سائٹ www.scotland.gov.uk پر بھی دیکھا جا سکتا ہے۔

Astron B26672

w w w . s c o t l a n d . g o v . u k



# ਸਕਾੱਟਿਸ਼ ਸਿਕਯੁਰ ਟੇਨੇਂਸੀ

## ਕਿਰਾਏਦਾਰਾਂ ਦੇ ਲਈ ਇਕ ਪਤ੍ਰਿਕਾ

**PUNJABI**

SCOTTISH EXECUTIVE

ਅਸੀਂ ਇਸ ਨੂੰ ਇਕੱਠਿਆਂ ਚਲਾ ਸਕਦੇ ਹਾਂ